# ਦਫਤਰ ਨਗਰ ਨਿਗਮ, ਬਠਿੰਡਾ।

ਨੰਬਰ: 4099 ਮਿਤੀ: 6/12/16

## ਨਿਯੁਕਤੀਆਂ

ਨਗਰ ਨਿਗਮ ਵਲੋਂ ਸਰਕਾਰ ਦੇ ਪੱਤਰ ਮਿਤੀ 28-05-2015 ਦੀਆਂ ਹਦਾਇਤਾਂ ਅਨੁਸਾਰ ਮਤਾ ਨੰ: 102(2) ਮਿਤੀ 14-12-2015 ਰਾਹੀਂ ਹੈਂਡੀਕੈਪਡ ਕੋਟਾ ਸਿੱਧੀ ਭਰਤੀ ਰਾਹੀਂ ਭਰਨਾ ਪਾਸ ਕੀਤਾ ਸੀ। ਇਸ ਅਨੁਸਾਰ ਕਲਰਕ 1 ਆਸਾਮੀ (ਗੂੰਗਾ ਬੋਲਾ), ਮਾਲੀ 1 ਆਸਾਮੀ (ਅੰਗਹੀਨ), ਸਫਾਈ ਸੇਵਕ 17 ਆਸਾਮੀਆਂ (5 ਨੇਤਰਹੀਣ, 7 ਅੰਗਹੀਨ, 5 ਗੂੰਗੇ ਬੋਲੇ) ਦੀ ਭਰਤੀ ਲਈ ਮਿਤੀ 21-10-2016 ਨੂੰ ਇੰਗਲਿਸ਼ ਟ੍ਰਿਬਿਊਨ ਅਤੇ ਪੰਜਾਬੀ ਅਜੀਤ ਵਿਚ ਇਸ਼ਤਿਹਾਰ ਦੇ ਕੇ ਮਿਤੀ 15-11-2016 ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ। ਮਾਨਯੋਗ ਪ੍ਰਧਾਨ ਮੰਤਰੀ ਜੀ ਦੀ ਬਠਿੰਡਾ ਫੇਰੀ ਕਾਰਨ ਇੰਟਰਵਿਊ ਮੁਲਤਵੀ ਕਰ ਦਿੱਤੀ ਗਈ ਸੀ। ਹੁਣ ਹੇਠ ਅਨੁਸਾਰ ਇੰਟਰਵਿਊ/ਸਰਟੀਫਿਕੇਟ ਚੈਕ ਕਰਨ ਦਾ ਸ਼ਡਿਊਲ ਹੋਵੇਗਾ:-

| ਲੜੀ ਨੰਬਰ | ਆਸਾਮੀ ਦਾ ਨਾਂ | ਮਿਤੀ | ਸਮਾਂ |
|---|---|---|---|
| 1 | ਕਲਰਕ (ਗੂੰਗਾ/ਬੋਲਾ) | 09-12-2016 | ਸ਼ਵੇਰੇ 10.00 ਵਜੇ |
| 2 | ਮਾਲੀ (ਅੰਗਹੀਣ) | 09-12-2016 | ਸ਼ਵੇਰੇ 10.30 ਵਜੇ |
| 3 | ਸਫਾਈ ਸੇਵਕ(ਨੇਤਰਹੀਣ) | 09-12-2016 | ਸ਼ਵੇਰੇ 11.00 ਵਜੇ |
| 4 | ਸਫਾਈ ਸੇਵਕ (ਗੂੰਗੇ/ਬੋਲੇ) | 09-12-2016 | ਦੁਪਹਿਰ 12.30 ਵਜੇ |
| 5 | ਸਫ਼ਾਈ ਸੇਵਕ (ਅੰਗਹੀਣ) | 09-12-2016 | ਦੁਪਹਿਰ ਬਾਦ 3.00 ਵਜੇ |

ਨੋਟ:- ਅਰਜ਼ੀਆਂ ਦੇ ਨਿਰੀਖਣ ਦੀ ਪ੍ਰਕੀਰੀਆ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਬਹੁਤ ਸਾਰੇ ਉਮੀਦਵਾਰਾਂ ਪਾਸ ਘੱਟੋ ਘੱਟ ਯੋਗਤਾ ਵਿਸ਼ੇਸ਼ ਤੌਰ ਤੇ ਅੱਠਵੀਂ ਦਾ ਸਰਟੀਫਿਕੇਟ ਨਹੀਂ ਹੈ। ਇਸ ਲਈ ਉਮੀਦਵਾਰਾਂ ਵਲੋਂ ਜੋ ਵੱਧ ਤੋਂ ਵੱਧ ਯੋਗਤਾ ਦੇ ਸਰਟੀਫਿਕੇਟ ਪੇਸ਼ ਕੀਤੇ ਜਾਣਗੇ ਉਸ ਅਨੁਸਾਰ ਨੰਬਰਾਂ ਦੀ ਪ੍ਰਤੀਸ਼ਤ ਅਨੁਸਾਰ ਮੈਰਿਟ ਬਨਾਈ ਜਾਵੇਗੀ। ਸਰਟੀਫਿਕੇਟ ਨਿਰਧਾਰਿਤ ਮਿਤੀ ਅਤੇ ਸਮੇਂ ਤੇ ਹੀ ਚੈਕ ਕੀਤੇ ਜਾਣਗੇ। ਉਸ ਤੋਂ ਬਾਦ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।

ਕਮਿਸ਼ਨਰ,
ਨਗਰ ਨਿਗਮ, ਬਠਿੰਡਾ।